# ਦਾਖਲੇ ਸਬੰਧੀ ਜਨਰਲ ਤੇ ਜਰੂਰੀ ਹਦਾਇਤਾਂ

1. ਵਿਦਿਆਰਥੀਆਂ ਨੂੰ ਖੁਦ ਦਾਖਲਾ ਕਮੇਟੀ ਦੇ ਸਾਹਮਣੇ ਮਿੱਥੀ ਹੋਈ ਮਿਤੀ ਨੂੰ ਅਸਲ ਸਰਟੀਫਿਕੇਟ ਲੈ ਕੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ।
2. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਫਾਰਮ ਵਿੱਚ ਲੜਕੇ ਅਤੇ ਲੜਕੀਆਂ ਲਈ 4 ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਲਗਾਉਣਾ ਜਰੂਰੀ ਹੈ।
3. ਅਧੂਰਾ ਫਾਰਮ ਜਾਂ ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਪ੍ਰਾਪਤ ਨਹੀਂ ਕੀਤਾ ਜਾਵੇਗਾ।
4. ਯੂਨੀਵਰਸਿਟੀ-ਬੋਰਡ ਪ੍ਰੀਖਿਆ ਵਿੱਚ ਫੇਲ ਹੋਏ। ਰਿਵਰਸ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗੈਰ-ਹਾਜ਼ਰ, ਪ੍ਰੀਖਿਆ ਵਿਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
5. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਅਧਾਰ ਤੇ ਹੀ ਦਿੱਤਾ ਜਾਵੇਗਾ।
6. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰਾਂ ਦਾ ਦਾਖਲੇ ਲਈ ਜਤਲਾਇਆ ਕੋਈ ਵੀ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਂਵੇ ਉਸਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲ ਵਧੇਰੇ ਹੀ ਕਿਉਂ ਨਾ ਹੋਵੇ।
7. ਬੀ.ਏ. (ਭਾਗ ਦੂਜਾ-ਤੀਜਾ) ਦਾ ਦਾਖਲਾ ਪਿਛਲਾ ਨਤੀਜਾ ਘੋਸਿਤ ਹੋਣ ਉਪਰੰਤ 10 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਹੋਵੇਗਾ।
8. ਸਰੀਰਕ ਸਿੱਖਿਆ ਦਾ ਵਿਸ਼ਾ ਦਾਖਲ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਮਿਲੇਗਾ ਜੋ ਸਰੀਰਕ ਸਿੱਖਿਆ ਟੈਸਟ ਵਿੱਚ ਯੋਗ ਪਾਏ ਜਾਣਗੇ।
9. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ਤੇ ਹੀ ਦਾਖਲਾ ਮਿਲ ਸਕੇਗਾ। ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ।
10. ਵਿਦਿਆਰਥੀਆਂ ਨੂੰ ਫੀਸ ਦਾਖਲਾ ਕਮੇਟੀ ਦੇ ਫੈਸਲੇ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ। ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਫੀਸ ਲੋੜ ਅਨੁਸਾਰ ਹੀ ਲੈ ਕੇ ਆਉਣ। ਸਮੇਂ ਸਿਰ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਉਸਦੀ ਸੀਟ ਵੇਟਿੰਗ ਲਿਸਟ ਵਾਲੇ ਵਿਦਿਆਰਥੀ ਨੂੰ ਦਿੱਤੀ ਜਾਵੇਗੀ।
11. Entry Level ਕਲਾਸਾ ਦਾ ਦਾਖਲਾ (B.A.-1, B. Com-1, BCA-1, PGDCA, MA Punjabi, MA Political Science, MAHistory) State Level Online Portal ਤੇ ਹੋਵੇਗਾ।
12. ਵਿਦਿਆਰਥੀਆਂ ਨੇ STATE LEVEL ONLINE PORTAL ਤੇ ਫਾਰਮ ਭਰਨੇ ਹਨ ਅਤੇ College Preference ਦੇ ਹਿਸਾਬ ਨਾਲ ਵਿਦਿਆਰਥੀ ਨੂੰ College ਅਲਾਟ ਹੋਵੇਗਾ।
13. ਵਿਦਿਆਰਥੀ ਦਾ ਨਤੀਜਾ ਬਾਕੀਆਂ ਨਾਲੋਂ ਦੇਰ ਨਾਲ ਘੋਸਿਤ ਹੁੰਦਾ ਹੈ, ਉਹ ਨਤੀਜਾ ਕਾਰਡ ਤੇ ਛਪੀ ਤਾਰੀਖ ਤੋਂ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਕਾਲਜ ਵਿੱਚ ਦਾਖਲਾ ਪ੍ਰਾਪਤ ਕਰ ਸਕਦਾ ਹੈ, ਪਰ ਉਹ ਬਾਕੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।
14. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸ਼ਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਿਜ ਕੀਤਾ ਜਾ ਸਕਦਾ
15. ਐਮ.ਏ. ਭਾਗ ਪਹਿਲਾ, ਬੀ.ਸੀ.ਏ, ਬੀ-ਕੱਮ, ਬੀ.ਬੀ.ਏ ਭਾਗ ਪਹਿਲਾ ਵਿੱਚ ਜੇਕਰ ਸੀਟਾਂ ਖਾਲੀ ਰਹਿ ਜਾਣ ਤਾਂ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਦੇ ਆਧਾਰ ਤੇ ਦਾਖਲਾ ਦਿੱਤਾ ਜਾ ਸਕਦਾ ਹੈ।
16. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ ਅਤੇ ਕਿਸੇ ਵੀ ਗੁੰਝਲਦਾਰ ਕੇਸ ਵਿੱਚ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ।
17. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
18. ਹਰ ਦਾਖਲਾ ਲੈਣ ਵਾਲੇ ਉਮੀਦਵਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਦਾਖਲਾ ਫਾਰਮ ਦੱਸੇ ਗਏ ਸਬੰਧਿਤ ਕਰਮਚਾਰੀ ਕੋਲ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਕੇ ਰਸੀਦ ਲਵੇ। ਇਸ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।
19. ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀ ਸੈਸ਼ਨ ਸ਼ੁਰੂ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਰੂਪ ਪਰਿਵਰਤਨ (ਕਾਮਰਸ/ਸਾਇੰਸ) ਵਿੱਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਇਸ ਤੋਂ ਬਿਨਾਂ ਦਾਖਲ ਸਮੇਂ ਲਏ ਵਿਸ਼ੇ ਬਦਲਣ ਦੀ ਆਗਿਆ ਨਹੀਂ ਹੈ। ਕੇਵਲ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਨਾਲ ਖਾਲੀ ਸੀਟ ਹੋਣ ਤੇ 21 ਦਿਨਾਂ ਦੇ ਅੰਦਰ-ਅੰਦਰ ਵਿਸ਼ਾ ਬਦਲਣ ਲਈ 100 ਰੁਪਏ ਫੀਸ ਭਰਨੀ ਪਵੇਗੀ।
20. ਦਾਖਲੇ ਸਬੰਧੀ ਕੋਈ ਸੂਚਨਾ ਕਾਲਜ ਦਫਤਰ ਆ ਕੇ ਪ੍ਰਾਪਤ ਕੀਤੀ ਜਾਵੇ।
21. ਕਿਸੇ ਕਲਾਸ ਵਿੱਚ ਦਾਖਲ ਹੋਇਆ ਵਿਦਿਆਰਥੀ, ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।
22. ਵਿਦਿਆਰਥੀ ਵੱਲੋਂ ਦਾਖਲੇ ਸਮੇਂ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।
23. ਵਿਦਿਆਰਥੀ ਆਪਣੀ ਇੱਛਾ ਮੁਤਾਬਿਕ University/Board ਦੇ ਨਿਯਮਾਂ ਅਨੁਸਾਰ ਆਪਣੀ Refundable Security ਨਹੀਂ ਦੇਣਾ ਚਾਹੁੰਦਾ ਤਾਂ ਉਸ ਦੇ ਬਦਲੇ ਵਿੱਚ ਆਪਣੇ Original Document ਵੀ ਦੇ ਸਕਦਾ ਹੈ।
24. ਵਿਦਿਆਰਥੀ/ਮਾਪੇ ਜਾਂ ਉਹਨਾਂ ਤੋਂ ਇਲਾਵਾ ਕਿਸੇ ਨੂੰ ਵੀ ਕਿਸੇ ਤਰਾਂ ਦੀ ਮੁਸ਼ਕਿਲ ਆਉਣ ਤੇ ਆਪਣੀ ਸ਼ਿਕਾਇਤ ਮੁਸ਼ਕਿਲ ਸੁਝਾਅ ਕੰਪਲੇਟ ਬਾਕਸ ਵਿੱਚ ਪਾ ਸਕਦੇ ਹਨ। ਸਬੰਧਤ ਪ੍ਰਿੰਸੀਪਲ ਨੂੰ ਲਿਖ ਸਕਦੇ ਹਨ। ਮੁਸ਼ਕਿਲ ਹੱਲ ਨਾ ਹੋਣ ਦੀ ਸੂਰਤ ਵਿੱਚ Additional Director ਨੂੰ ਲਿਖਿਆ ਜਾ ਸਕਦਾ ਹੈ ਜੇ ਮੁਸ਼ਕਿਲ ਫਿਰ ਵੀ ਸਹੀ ਹੱਲ ਨਹੀਂ ਹੁੰਦੀ ਤਾਂ ਤੁਸੀਂ ਆਪਣੀ ਮੁਸ਼ਕਿਲ ਸ਼ਿਕਾਇਤ ਸੁਝਾਅ 95011-08141 ਤੇ Whatsapp ਕਰ ਸਕਦੇ ਹੋ ਸੰਸਥਾ ਤੁਹਾਡੀ ਮੁਸ਼ਕਿਲ ਦੇ ਹੱਲ ਲਈ ਤੱਤਪਰ ਹੈ।

# ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁਝ ਜ਼ਰੂਰੀ ਹਦਾਇਤਾਂ

ਵੱਖ ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਅਧਿਆਦੇਸ਼ਾਂ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ ।

1. ਜੇਕਰ ਕਿਸੇ ਵਿਦਿਆਰਥੀ ਦੀ ਬੀ।ਏ। ਭਾਗ ਪਹਿਲਾ ਵਿੱਚ ਰੀ-ਅਪੀਅਰ ਹੈ ਤਾਂ ਉਹ ਕੇਵਲ ਬੀ.ਏ. ਭਾਗ ਦੂਜਾ ਵਿੱਚ ਹੀ ਦਾਖਲਾ ਲੈ ਸਕਦਾ ਹੈ ਜਦੋਂ ਤੱਕ ਉਸਦੀ ਭਾਗ ਪਹਿਲਾ ਰੀ-ਅਪੀਅਰ ਵਿਸ਼ੇ ਦੀ ਪ੍ਰੀਖਿਆ ਕਲੀਅਰ ਨਹੀਂ ਹੋ ਜਾਂਦੀ, ਉਹ ਭਾਗ ਤੀਜੇ ਵਿੱਚ ਦਾਖਲੇ ਦੀ ਯੋਗਤਾ ਨਹੀਂ ਰੱਖਦਾ ।
2. ਜਿੰਨ੍ਹਾ ਵਿਦਿਆਰਥੀਆਂ ਦੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ-ਬੋਰਡ ਤੋਂ ਪਾਸ ਕੀਤੀਆਂ ਹਨ ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certfiicate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੀ.ਬੀ.ਐਸ.ਈ. ਅਤੇ ਆਈ. ਸੀ. ਐਸ. ਸੀ. ਦੀ ਬੋਰਡ ਤੋਂ ਪਾਸ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਲੋੜ ਨਹੀਂ ।
3. ਨਿਯਮਾਂ ਅਨੁਸਾਰ ਪੁਨਰਮੁਲਾਂਕਣ ਉਪਰੰਤ ਲੇਟ ਦਾਖਲੇ ਦੀ ਸੁਵਿਧਾ ਹੈ, ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ ।
4. ਜਿਹੜੇ ਵਿਦਿਆਰਥੀ ਬੀ.ਏ./ਬੀ.ਸੀ.ਏ/ਬੀ.ਕਾਮ ਭਾਗ ਪਹਿਲਾ ਅਤੇ ਦੂਜੇ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫਿਸਟ ਪਰਚੇ ਦੇ ਕੇਸ ਯੂਨੀਵਰਸਿਟੀ ਵੱਲੋਂ ਦਿੱਤੀ ਗਈ ਤਾਰੀਖ ਅਨੁਸਾਰ ਬਿਨ੍ਹਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਡੀਨ, ਕਾਲਜ਼ ਵਿਭਾਗ ਕੌਂਸ਼ਲ ਦੇ ਦਫਤਰ ਯੂਨਿਵਰਸਿਟੀ ਦੇ ਦਫਤਰ ਪਹੁੰਚ ਕੇ ਕੀਤੇ ਜਾਣਗੇ ।
5. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸੰਬਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
6. ਕਿਸੇ ਹੋਰ ਯੂਨੀਵਰਸਿਟੀ ਬੋਰਡ ਵਿੱਚੋ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ ਪੱਤਰ ਦੇਣਾ ਹੋਵੇਗਾ।
7. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ: 3681-3826-ਕਾਲਜ/ਸ-4 ਮਿਤੀ : 18-04-2012 ਅਨੁਸਾਰ ਬੋਰਡ ਆਫ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ ।
8. ਸ਼ੈਸ਼ਨ 2022-23 ਤੋਂ 10+2 ਵਿਚੋਂ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀਆ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ ਪਰੰਤੂ ਨਿਰਧਾਰਤ ਸਿੱਖਿਆ ਬੋਰਡ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ । ਪਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਸਿੱਖਿਆ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ

## ਜਰੂਰੀ ਨੋਟ

1. ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਵਿਸ਼ੇ ਬਾਰੇ ।

   ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ: 3969-4217/ਕਾਲਜ-ਜੀ ਸੀ 6 ਮਿਤੀ : 19-3-2019

   ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਖਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ ਦਾਖਲੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਪ੍ਰਵਾਨਗੀ ਹਿੱਤ ਭੇਜੇ ਜਾਣ :-
2. ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਕਲਾਸ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ । ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਸੇਵਾ-ਮੁਕਤ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ) ਗਿਆਨ ਦਾ ਵਿਸ਼ਾ ਪੜ੍ਹ ਸਕਦੇ ਹਨ । ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਜਾਂ ਮਾਤਾ ਜਾਂ ਗਾਰਡੀਅਨ ਵੀ ਸਵੈ ਘੋਸ਼ਣਾ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ ।